This question paper contains 3 printed pages]

*Your Roll No.*...............

**5447**

**B.A. (PROGRAMME)/III** A

**(T)**

PUNJABI DISCIPLINE—Paper III

**(Optional)**

(For Students who have studied Punjabi upto 10th)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਇਕ ਰਾਤ ਚੱਲੀ ਸੋਹਣੀ ਯਾਰ ਵੱਲੋਂ, ਸੋਹਣਾ ਹਾਰ ਸ਼ਿੰਗਾਰ ਲਗਾ ਬੇਲੀ ।
ਸੁਤੀ ਪਈ ਨਨਾਣ ਨੂੰ ਜਾਗ ਆਈ, ਉਹ ਭੀ ਮਗਰ ਚੱਲੀ ਕਰ ਧਾ ਬੇਲੀ ।
ਖੋਜ ਚੋਰ ਸੈਂਦਾ ਖੋਜੀ ਪਕੜ ਲਿਆ, ਐਪਰ ਚੋਰ ਨੂੰ ਖ਼ਬਰ ਨਾ ਕਾ ਬੇਲੀ ।
ਘੜਾ ਚਾ ਲੈਂਦੀ ਉਹਨਾਂ ਬੂਟਿਆਂ ਥੀਂ, ਜਿਥੇ ਆਂਵਦੀ ਨਿਤੱ ਲੁਕਾ ਬੇਲੀ ।

P.T.O.

(ਅ) ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿਥੋਂ ਕਢਾਂ ਮੈਂ ਕਲਗੀਆਂ ਨਿਤ ਤੋੜੇ ।
ਮੇਰੇ ਸਾਹਮਣੇ ਕੋਹਿਆ ਏ ਵੀਰ ਮੇਰਾ,
ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ ।
ਕਿਥੋਂ ਕੱਢਾਂ ਮੈਂ ਦੇਸ ਫ਼ਰੰਗੀਆ ਦਾ
ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ ।
ਸ਼ਾਹ ਮੁਹੰਮਦਾ ਉਸ ਥੀਂ ਜਾਨ ਵਾਰਾਂ,
ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ । 5

2. 'ਮਧਕਾਲੀਨ ਪੰਜਾਬੀ ਕਾਵਿ' ਪਾਠ-ਪੁਸਤਕ ਦੇ ਆਧਾਰ ਤੇ ਮੱਧਕਾਲੀ ਪੰਜਾਬੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਬਾਰੇ ਜਾਣਕਾਰੀ ਦਿਉ ।

ਜਾਂ

ਹੇਠ ਦਿਤੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਕਵਿਤਾ ਦੇ ਵਿਸ਼ੇ ਅਤੇ ਕਾਵਿ ਕਲਾ 'ਤੇ ਚਰਚਾ ਕਰੋ :

(i) ਪੂਰਨ ਭਗਤ (ਕਾਦਰਯਾਰ)

(ii) ਜੰਗਨਾਮਾ ਸ਼ਾਹ ਮੁਹੰਮਦ

(iii) ਵਾਰ ਨਾਦਰ ਸ਼ਾਹ (ਨਜਾਬਤ) । 10

3. 18ਵੀਂ-19ਵੀਂ ਸਦੀ ਦੇ ਕੁਝ ਪ੍ਰਸਿਧ ਕਿੱਸਾਕਾਰਾਂ ਦੇ ਨਾਮ ਅਤੇ ਉਨ੍ਹਾਂ ਦੁਆਰਾ ਰਚੇ ਕਿੱਸਿਆਂ ਨਾਲ ਜਾਣ-ਪਛਾਣ ਕਰਾਉ ।

ਜਾਂ

1700–1900 ਈ. ਤਕ ਦੇ ਪੰਜਾਬੀ ਸੂਫ਼ੀ-ਕਾਵਿ ਦੇ ਇਤਿਹਾਸ ਬਾਰੇ ਵਿਸਤਾਰ ਨਾਲ ਲਿਖੋ । 15

4. 'ਕਥਾ-ਪੰਜਾਬ' ਕਹਾਣੀ-ਸੰਗ੍ਰਹਿ ਦੀਆਂ ਹੇਠਾਂ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦੀ ਸਾਹਿਤਕ -ਆਲੋਚਨਾ ਕਰੋ :

(*i*) ਖਸਮਾਂ ਖਾਣੇ

(*ii*) ਖਥੱਲ

(*iii*) ਰਾਸ-ਲੀਲ੍ਹਾ

(*iv*) ਤਾਸ਼ ਦੀ ਆਦਤ । 15

5. ਗੁਰਮੁਖੀ ਲਿਪੀ ਦੇ ਜਨਮ ਅਤੇ ਵਿਕਾਸ ਬਾਰੇ ਚਰਚਾ ਕਰੋ ।

**ਜਾਂ**

ਪੰਜਾਬੀ ਭਾਸ਼ਾ ਅਤੇ ਉਪਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਤਾਰ ਸਹਿਤ ਲਿਖੋ । 15

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ :

(*i*) ਕਹਾਣੀ "ਇਕ ਹਉਕਾ" ਵਿਚ 'ਹਉਕੇ' ਤੋਂ ਕੀ ਭਾਵ ਹੈ ?

(*ii*) ਟਕਸਾਲੀ ਬੋਲੀ ਤੋਂ ਕੀ ਭਾਵ ਹੈ ?

(*iii*) 'ਵਾਰ-ਕਾਵਿ' ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਦੱਸੋ ।

(*iv*) 18-19ਵੀਂ ਸਦੀ ਦੇ ਪ੍ਰਮੁਖ ਤਿੰਨ ਕਵੀਆਂ ਅਤੇ ਉਹਨਾ ਦੀਆਂ ਰਚਨਾਵਾਂ ਦੇ ਨਾਮ ਵੀ ਲਿਖੋ ।

(*v*) ਨਿੱਕੀ ਕਹਾਣੀ ਤੋਂ ਕੀ ਭਾਵ ਹੈ ? $3 \times 5 = 15$